# ਸੀ ਏ ਸੀ ਪੀ ਦੀ ਗਣਨਾ: ਤੋਰੀਆ-ਸਰ੍ਹੋਂ ਦੇ 2022-23 ਸਮਰਥਨ ਮੁੱਲ ਦਾ ਫ਼ਰਕ ਪੈਦਾਵਾਰ ਲਾਗਤ ਨਾਲੋਂ ਸਭ ਤੋਂ ਵੱਧ

ਖੇਤੀਬਾੜੀ ਲਾਗਤਾਂ ਅਤੇ ਮੁੱਲ ਕਮਿਸ਼ਨ (ਸੀ ਏ ਸੀ ਪੀ) ਦੀ ਗਣਨਾ ਮੁਤਾਬਿਕ, 2022-23 ਹਾੜ੍ਹੀ ਮਡੰਕੀਰਨ ਮੌਸਮ ਦੇ ਲਈ ਤੋਰੀਆ-ਸਰ੍ਹੋਂ ਦੇ ਘੱਟੋ-ਘੱਟ ਸਮਰਥਨ ਮੁੱਲ ਦਾ ਫ਼ਰਕ ਪ੍ਰਤੀ ਕੁਇੰਟਲ ਪੈਦਾਵਾਰ ਦੀ ਵਿਆਪਕ ਲਾਗਤ ਨਾਲੋਂ ਸਭ ਤੋਂ ਵੱਧ ਹੈ। ਸੀ ਏ ਸੀ ਪੀ ਦੀਆਂ ਸਿਫ਼ਾਰਿਸ਼ਾਂ 'ਤੇ ਕਾਰਵਾਈ ਕਰਦੇ ਹੋਏ, ਭਾਰਤ ਸਰਕਾਰ ਨੇ 2022-23 ਹਾੜ੍ਹੀ ਮਡੰਕੀਰਨ ਮੌਸਮ ਦੇ ਲਈ ਤੋਰੀਆ-ਸਰ੍ਹੋਂ ਦਾ ਐਮ ਐਸ ਪੀ 5,050 ਰੁਪਏ ਪ੍ਰਤੀ ਕੁਇੰਟਲ ਐਲਾਨ ਕੀਤਾ, ਜਿਹੜਾ ਕਿ 3,506 ਰੁਪਏ ਪ੍ਰਤੀ ਕੁਇੰਟਲ ਦੀ ਵਿਆਪਕ ਲਾਗਤ ਨਾਲੋਂ 44% ਵੱਧ ਹੈ।

ਸੀ ਏ ਸੀ ਪੀ ਦੇ ਹਿਸਾਬ ਮੁਤਾਬਿਕ, 2022-23 ਹਾੜ੍ਹੀ ਮੰਡੀਕਰਨ ਮੌਸਮ ਦੇ ਲਈ ਕਣਕ ਦਾ ਸਮਰਥਨ ਮੁੱਲ ਪ੍ਰਤੀ ਕੁਇੰਟਲ ਵਿਆਪਕ ਖ਼ਰਚ ਨਾਲੋਂ 32.7% ਵੱਧ ਹੈ। ਕਣਕ ਦਾ ਘੱਟੋ-ਘੱਟ ਸਮਰਥਨ ਮੁੱਲ 2,015 ਰੁਪਏ ਪ੍ਰਤੀ ਕੁਇੰਟਲ ਹੈ ਜਦਕਿ ਵਿਆਪਕ ਲਾਗਤ 1,518 ਰੁਪਏ ਪ੍ਰਤੀ ਕੁਇੰਟਲ ਜੋੜੀ ਗਈ ਹੈ।

ਹਾੜ੍ਹੀ ਦੀਆਂ ਜਿਹੜੀਆਂ ਛੇ ਫ਼ਸਲਾਂ ਦੇ ਲਈ ਐਮ ਐਸ ਪੀ ਦਾ ਐਲਾਨ ਕੀਤਾ ਗਿਆ ਹੈ, ਉਨ੍ਹਾਂ ਵਿੱਚੋਂ ਕੁਸੰਭਾ ਦੇ ਸਮਰਥਨ ਮੁੱਲ ਦਾ ਵਿਆਪਕ ਲਾਗਤ ਨਾਲੋਂ ਫ਼ਰਕ 7.7% ਉੱਤੇ ਸਭ ਤੋਂ ਘੱਟ ਹੈ। 2022-23 ਹਾੜ੍ਹੀ ਮੰਡੀਕਰਨ ਮੌਸਮ ਦੇ ਲਈ ਕੁਸੰਭਾ ਦਾ ਐਮ ਐਸ ਪੀ 5,441 ਰੁਪਏ ਪ੍ਰਤੀ ਕੁਇੰਟਲ ਹੈ ਜਦਕਿ ਵਿਆਪਕ ਲਾਗਤ ਦਾ ਹਿਸਾਬ 5,050 ਰੁਪਏ ਪ੍ਰਤੀ ਕੁਇੰਟਲ ਲਾਇਆ ਗਿਆ ਹੈ।

ਭਾਰਤ ਵਿੱਚ ਲਾਜ਼ਮੀ ਹਾੜ੍ਹੀ ਦੀਆਂ ਫਸਲਾਂ ਦੇ ਐਮ ਐਸ ਪੀ ਦੀ ਸਿਫ਼ਾਰਿਸ਼ ਕਰਦੇ ਹੋਏ, ਸੀ ਏ ਸੀ ਪੀ ਕਈ ਕਾਰਕਾਂ 'ਤੇ ਵਿਚਾਰ ਕਰਦਾ ਹੈ ਜਿਵੇਂ ਕਿ ਪੈਦਾਵਾਰ ਦੀ ਲਾਗਤ, ਮੰਗ ਅਤੇ ਪੂਰਤੀ ਦੀ ਸਥਿਤੀ, ਘਰੇਲੂ ਅਤੇ ਅੰਤਰਰਾਸ਼ਟਰੀ ਕੀਮਤਾਂ ਦੇ ਰੁਝਾਨ, ਫ਼ਸਲਾਂ ਦੀ ਕੀਮਤ ਦੀ ਸਮਾਨਤਾ, ਖੇਤੀ ਅਤੇ ਗੈਰ-ਖੇਤੀ ਖੇਤਰ ਵਿਚਕਾਰ ਵਪਾਰ ਦੀਆਂ ਸ਼ਰਤਾਂ, ਜ਼ਮੀਨ, ਪਾਣੀ ਅਤੇ ਹੋਰ ਉਤਪਾਦਨ ਸਰੋਤਾਂ ਦੀ ਸੁਚੱਜੀ ਵਰਤੋਂ ਦੇ ਨਾਲ-ਨਾਲ ਖਪਤਕਾਰਾਂ ਅਤੇ ਸਮੁੱਚੀ ਅਰਥਵਿਵਸਥਾ 'ਤੇ ਸੰਭਾਵਤ ਅਸਰ ਅਤੇ ਪੈਦਾਵਾਰ ਦੀ ਲਾਗਤ ਨਾਲੋਂ ਘੱਟੋ-ਘੱਟ 50% ਦਾ ਫ਼ਰਕ।

ਕਮਿਸ਼ਨ ਕੇਂਦਰੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲੇ ਦੇ ਅਰਥਸ਼ਾਸਤਰ ਅਤੇ ਅੰਕੜਾ ਡਾਇਰੈਕਟੋਰੇਟ ਵੱਲੋਂ ਤਿਆਰ ਕੀਤੀ 'ਭਾਰਤ ਵਿੱਚ ਪ੍ਰਮੁੱਖ ਫਸਲਾਂ ਦੀ ਕਾਸ਼ਤ ਦੀ ਲਾਗਤ ਦਾ ਅਧਿਐਨ ਕਰਨ ਲਈ 'ਵਿਆਪਕ ਯੋਜਨਾ (ਸੀ ਐਸ)' ਦੇ ਅਧੀਨ ਮੁਹੱਈਆ ਕੀਤੇ ਫ਼ਸਲੀ ਅਤੇ ਰਾਜ-ਅਧਾਰਤ ਲਾਗਤ ਅਨੁਮਾਨਾਂ ਦੀ ਵਰਤੋਂ ਕਰਦਾ ਹੈ।

**ਹਾੜ੍ਹੀ ਦੀਆਂ ਫਸਲਾਂ ਦੀ ਕੁੱਲ ਭਾਰਤ ਉਤਪਾਦਨ ਲਾਗਤ ਅਤੇ 2022-23 ਹਾੜ੍ਹੀ ਮੰਡੀਕਰਨ ਮੌਸਮ ਦੇ ਲਈ ਐਮ ਐਸ ਪੀ**

| **ਫ਼ਸਲ** | **ਫ਼ਸਲੀ ਸਾਲ 2021-22** | | | | | | |
|---|---|---|---|---|---|---|---|
| | **ਉਤਪਾਦਨ ਦੀ ਲਾਗਤ (ਰੁਪਏ ਪ੍ਰਤੀ ਕੁਇੰਟਲ)** | | | **2022-23 ਦੇ ਲਈ ਐਮ ਐਸ ਪੀ (ਰੁਪਏ/ਕੁਇੰਟਲ)** | **ਐਮ ਐਸ ਪੀ ਦਾ ਪੈਦਾਵਾਰ ਲਾਗਤ ਨਾਲੋਂ ਫ਼ਰਕ (%)** | | |
| | ***ਏ2** | ****ਏ2+ਐਫਐਲ** | **#ਸੀ2** | | **ਏ2** | **ਏ2+ਐਫਐਲ** | **ਸੀ2** |
| ਕਣਕ | 807 | 1,008 | 1,518 | 2,015 | 149.7 | 99.9 | 32.7 |
| ਜੌਂ | 673 | 1,019 | 1,439 | 1,635 | 142.9 | 60.5 | 13.6 |
| ਛੋਲੇ | 2,346 | 3,004 | 4,117 | 5,230 | 122.9 | 74.1 | 27 |
| ਮਸਰ | 2,303 | 3,079 | 4,422 | 5,500 | 138.8 | 78.6 | 24.4 |
| ਸਰ੍ਹੋਂ ਅਤੇ ਤਾਰਾਮੀਰਾ | 1,724 | 2,523 | 3,506 | 5,050 | 192.9 | 100.2 | 44 |
| ਕੁਸੰਭਾ | 3,013 | 3,627 | 5,050 | 5,411 | 80.6 | 50 | 7.7 |

ਸਰੋਤ: ਸੀ ਏ ਸੀ ਪੀ ਗਣਨਾ

ਏ2: ਅਸਲ ਅਦਾ ਕੀਤੀ ਲਾਗਤ

ਏ2+ਐਫਐਲ: ਅਸਲ ਅਦਾ ਕੀਤੀ ਲਾਗਤ ਅਤੇ ਪਰਿਵਾਰਕ ਮਿਹਨਤ ਦਾ ਮੁੱਲ

#ਸੀ2: ਵਿਆਪਕ ਲਾਗਤ ਜਿਸ ਵਿੱਚ ਆਪਣੀ ਜ਼ਮੀਨ ਦਾ ਠੇਕਾ ਸ਼ਾਮਿਲ ਹੈ [ਸ਼ੁੱਧ ਭੂਮੀ ਮਾਲੀਆ ਅਤੇ ਆਪਣੀ ਸਥਿਰ ਪੂੰਜੀ ਸੰਪਤੀਆਂ ਦੇ ਮੁੱਲ 'ਤੇ ਵਿਆਜ (ਜ਼ਮੀਨ ਨੂੰ ਛੱਡ ਕੇ)]

**2022-23 ਸੀਜ਼ਨ ਦੌਰਾਨ ਸਰਕਾਰੀ ਖ਼ਰੀਦ ਲਈ ਹਾੜ੍ਹੀ ਦੀਆਂ ਫ਼ਸਲਾਂ ਦਾ ਘੱਟੋ ਘੱਟ ਸਮਰਥਨ ਮੁੱਲ**

| ਫ਼ਸਲ | 2022-23 ਦੇ ਲਈ ਐਮ ਐਸ ਪੀ (ਰੁਪਏ/ਕੁਇੰਟਲ) | 2021-22 ਦੇ ਲਈ ਐਮ ਐਸ ਪੀ (ਰੁਪਏ/ਕੁਇੰਟਲ) | ਵਾਧਾ (ਰੁਪਏ/ਕੁਇੰਟਲ) | ਵਾਧਾ ਫੀਸਦੀ ਵਿੱਚ |
|---|---|---|---|---|
| ਕਣਕ | 2,015 | 1,975 | 40 | 2% |
| ਜੌਂ | 1,635 | 1,600 | 35 | 2% |
| ਛੋਲੇ | 5,230 | 5,100 | 130 | 3% |
| ਮਸਰ | 5,500 | 5,100 | 400 | 8% |
| ਸਰ੍ਹੋਂ ਅਤੇ ਤਾਰਾਮੀਰਾ | 5,050 | 4,650 | 400 | 9% |
| ਕੁਸੰਭਾ | 5,411 | 5,327 | 114 | 2% |